**THE PUNJAB STATE BOARD OF TECHNICAL EDUCATION AND INDUSTRIAL TRAINING**

PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:ਪੀ.ਐਸ.ਬੀ./ਆਈ.ਟੀ./2017/2588 **ਅਤਿ ਜ਼ਰੂਰੀ/ਸਮਾਂਬੱਧ** ਮਿਤੀ: 11.9.17

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਸਰਕਾਰੀ/ਪ੍ਰਾਈਵੇਟ ਆਈ.ਟੀ.ਆਈ./ਆਈ.ਟੀ.ਸੀ.(ਇ:),
ਆਰਟ ਐਂਡ ਕਰਾਫਟ, ਟੀਚਰ ਟਰੇਨਿੰਗ ਸੰਸਥਾਵਾਂ,
ਪੰਜਾਬ ਰਾਜ ਅਧੀਨ।

**ਵਿਸ਼ਾ: ਪ੍ਰੀਖਿਆ ਅਗਸਤ-2017 ਨਾਲ ਸਬੰਧਤ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਐਸ.ਸੀ.ਵੀ.ਟੀ. ਟਰੇਡਾਂ, ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਕੋਰਸਾਂ ਦੇ ਪ੍ਰੈਕਟੀਕਲ ਅਤੇ ਸੈਸ਼ਨਲ ਮਾਰਕਸ Excel ਫਾਰਮਟ ਉਤੇ ਈਮੇਲ ਰਾਹੀਂ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਐਸ.ਸੀ.ਵੀ.ਟੀ. ਟਰੇਡਾਂ, ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਕੋਰਸਾਂ ਦੇ ਸਿਖਿਆਰਥੀਆਂ ਦੇ ਪ੍ਰੈਕਟੀਕਲ ਮਾਰਕਸ ਅਤੇ ਸੈਸ਼ਨਲ ਮਾਰਕਸ ਸਬੰਧੀ Excel ਫਾਰਮਟ ਵਿੱਚ ਫਾਇਲਾਂ ਬਣਾ ਕੇ ਬੋਰਡ ਦੀ ਵੈਬਸਾਇਟ ਤੇ ਅਪਲੋਡ ਕਰ ਦਿੱਤੀਆਂ ਗਈਆਂ ਹਨ। ਇਸ ਸਬੰਧ ਵਿੱਚ ਸਮੂਹ ਸੰਸਥਾਵਾਂ ਨੂੰ ਹੇਠ ਲਿਖੇ ਅਨੁਸਾਰ ਇੰਨਬਿੰਨ ਪਾਲਣਾ ਹਿਤ ਹਦਾਇਤ ਕੀਤੀ ਜਾਂਦੀ ਹੈ:-

1. ਸੰਸਥਾ ਆਪਣੇ ਨਾਲ ਸਬੰਧਤ Excel ਫਾਇਲਾਂ ਬੋਰਡ ਦੀ ਵੈਬਸਾਇਟ **www.punjabteched.com** ਜਾਂ **www.punjabteched.net** ਤੋਂ ਡਾਊਨਲੋਡ ਕਰਕੇ ਇਸ ਫਾਇਲ ਵਿੱਚ ਪ੍ਰੀਖਿਆ ਵਿੱਚ ਅਪੀਅਰ ਹੋਣ ਵਾਲੇ ਯੋਗ ਸਿਖਿਆਰਥੀਆਂ ਦੇ (ਜੋ ਪ੍ਰੀਖਿਆ ਵਿੱਚ ਬੈਠਣ ਲਈ ਡੀ.ਜੀ.ਟੀ, ਨਵੀਂ ਦਿੱਲੀ, ਡੀ.ਟੀ.ਈ ਅਤੇ ਆਈ.ਟੀ ਪੰਜਾਬ ਅਤੇ ਬੋਰਡ ਵੱਲੋਂ ਸਮੇਂ ਸਮੇਂ ਤੇ ਜਾਰੀ ਪ੍ਰੀਖਿਆ ਨਿਯਮਾਂ/ਹਦਾਇਤਾਂ ਸ਼ਰਤਾਂ ਪੂਰੀਆਂ ਕਰਦਾ ਹੋਵੇ) ਪ੍ਰੈਕਟੀਕਲ ਅਤੇ ਸੈਸ਼ਨਲ ਮਾਰਕਸ ਦੀ ਐਂਟਰੀ ਕਰੇਗੀ।

2. ਸੰਸਥਾ ਆਰਟ ਐਂਡ ਕਰਾਫਟ, ਟੀਚਰ ਟ੍ਰੇਨਿੰਗ ਕੋਰਸਾਂ ਅਤੇ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਐਸ.ਸੀ.ਵੀ.ਟੀ. ਟਰੇਡਾਂ ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੇ ਸੈਸ਼ਨਲ ਅਤੇ ਪ੍ਰੈਕਟੀਕਲ ਮਾਰਕਸ ਹਰ ਹਾਲਤ ਵਿੱਚ ਸਬੰਧਤ Excel ਫਾਇਲ ਵਿੱਚ ਐਂਟਰ ਕਰਕੇ ਕੇਵਲ ਮਿਤੀ:-18 ਅਤੇ 19 ਸਤੰਬਰ 2017 ਨੂੰ ਬੋਰਡ ਦਫਤਰ ਦੀ ਈਮੇਲ ਆਈ.ਡੀ. **reconciliation.fees@gmail.com** ਤੇ Excel ਫਾਇਲਾਂ (Soft copy) ਭੇਜਣਾ ਯਕੀਨੀ ਬਣਾਏਗੀ।

3. Excel ਫਾਇਲ ਉਤੇ ਪ੍ਰੈਕਟੀਕਲ ਅਤੇ ਸੈਸ਼ਨਲ ਮਾਰਕਸ ਦੀ ਨਿਰਧਾਰਤ ਕਾਲਮ ਵਿੱਚ ਐਂਟਰੀ ਕਰਨ ਉਪਰੰਤ ਪ੍ਰਿੰਸੀਪਲ/ਸੁਪਰਡੰਟ ਵਲੋਂ ਖਾਸ ਧਿਆਨ ਰੱਖਿਆ ਜਾਵੇਗਾ ਕਿ ਸਬੰਧਤ ਕਾਲਮਾਂ ਵਿੱਚ ਮਾਰਕਸ ਐਂਟਰ ਕਰਨ

ਤੋਂ ਬਾਅਦ ਪ੍ਰੋਫਾਰਮੇ ਦੇ ਅਗਲੇ ਸਟੇਟਸ (Status) ਕਾਲਮ ਵਿੱਚ A (Absent) ਦੀ ਜਗ੍ਹਾਂ ਤੇ P (Present) ਕਰ ਦਿੱਤਾ ਜਾਵੇ। ਇਹ ਵੀ ਧਿਆਨ ਰੱਖਣਾ ਯਕੀਨੀ ਬਣਾਇਆ ਜਾਵੇ ਕਿ ਪ੍ਰੈਕਟੀਕਲ ਅਤੇ ਸੈਸ਼ਨਲ ਮਾਰਕਸ ਭਰਨ ਸਮੇਂ ਕੋਈ ਵੀ ਅਪੀਅਰ ਹੋਏ ਵਿਦਿਆਰਥੀ ਦਾ ਕਾਲਮ ਖਾਲੀ ਨਾਂ ਰਹੇ। ਜੇਕਰ ਕਿਸੇ ਵੀ ਵਿਦਿਆਰਥੀ ਦਾ ਪ੍ਰੈਕਟੀਕਲ/ਸੈਸ਼ਨਲ ਮਾਰਕਸ ਦਾ ਕਾਲਮ ਖਾਲੀ ਰਹਿ ਜਾਂਦਾ ਹੈ ਤਾਂ ਉਸ ਨੂੰ Absent ਮੰਨਿਆ ਜਾਏਗਾ।

4. ਸੰਸਥਾ ਆਰਟ ਐਂਡ ਕਰਾਫਟ, ਟੀਚਰ ਟ੍ਰੇਨਿੰਗ ਕੋਰਸਾਂ ਅਤੇ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਐਸ.ਸੀ.ਵੀ.ਟੀ. ਟਰੇਡਾਂ ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੇ ਸੈਸ਼ਨਲ ਮਾਰਕਸ ਅਤੇ ਪ੍ਰੈਕਟੀਕਲ ਮਾਰਕਸ ਦੀ ਅਸਲ ਹਾਰਡ ਕਾਪੀ (ਤਸਦੀਕਸ਼ੁਦਾ) ਵੀ ਸਕੈਨ ਕਰਕੇ ਐਕਸਲ ਫਾਇਲ ਦੇ ਨਾਲ ਹੀ ਬੋਰਡ ਦਫਤਰ ਦੀ ਈਮੇਲ ਆਈ.ਡੀ. **reconciliation.fees@gmail.com** ਤੇ ਭੇਜਣਾ ਯਕੀਨੀ ਬਣਾਏਗੀ। ਸੰਸਥਾਵਾਂ ਪ੍ਰੈਕਟੀਕਲ ਮਾਰਕਸ ਦੀ ਇੱਕ ਹਾਰਡ ਕਾਪੀ ਆਪਣੇ ਰਿਕਾਰਡ ਵਿੱਚ ਰੱਖਣਾ ਯਕੀਨੀ ਬਣਾਏਗੀ।

5. ਪ੍ਰਿੰਸੀਪਲ/ਸੰਸਥਾ ਮੁਖੀ ਅਤੇ ਸੁਪਰਡੰਟ ਪ੍ਰੀਖਿਆ ਮਾਰਕਸ ਐਂਟਰੀ ਦੇ ਕੰਮ ਦੀ ਗੁਪਤਤਾ ਨੂੰ ਯਕੀਨੀ ਬਣਾਉਣਗੇ ਅਤੇ ਆਪਣੀ ਸਿੱਧੀ ਦੇਖਰੇਖ ਹੇਠਾਂ ਕਰਵਾਉਣਗੇ। ਮਾਰਕਸ ਵਿੱਚ ਕਿਸੇ ਵੀ ਤਰ੍ਹਾਂ ਦੀ ਗਲਤ ਐਂਟਰੀ/ਸਮੇਂ ਸਿਰ ਡਾਟਾ ਨਾਂ ਭੇਜਣ ਦੀ ਸੂਰਤ ਵਿੱਚ ਆਉਣ ਵਾਲੀਆਂ ਅੜਚਨਾਂ ਦੀ ਸਮੁੱਚੀ ਜਿੰਮੇਵਾਰੀ ਸੰਸਥਾ ਮੁਖੀ/ਸੁਪਰਡੰਟ (ਪ੍ਰੀਖਿਆ) ਦੀ ਹੋਵੇਗੀ।

6. ਡਾਟਾ ਐਂਟਰੀ ਕਰਨ ਸਮੇਂ ਜੇਕਰ ਸੰਸਥਾ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਸੰਸਥਾ ਆਪਣੇ ਜਿਲ੍ਹੇ ਦੇ ਸਬੰਧਤ ਡੀਲਿੰਗ ਅਸਿਸਟੈਂਟ ਨਾਲ ਤੁਰੰਤ ਨਿਪਟਾਰੇ ਹਿਤ ਸੰਪਰਕ ਕਰੇਗੀ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

ਨੋਟ:- **ਸੰਸਥਾ ਸੈਸ਼ਨਲ ਮਾਰਕਸ ਅਤੇ ਪ੍ਰੈਕਟੀਕਲ ਮਾਰਕਸ ਦੀ ਐਕਸਲ ਫਾਇਲ (soft copy) ਦੇ ਨਾਲ ਅਸਲ ਹਾਰਡ ਕਾਪੀ (ਤਸਦੀਕਸ਼ੁਦਾ) ਵੀ ਸਕੈਨ ਕਰਕੇ ਬੋਰਡ ਦਫਤਰ ਦੀ ਈਮੇਲ ਆਈ.ਡੀ. reconciliation.fees@gmail.com ਤੇ ਕੇਵਲ ਮਿਤੀ:-18 ਅਤੇ 19 ਸਤੰਬਰ 2017 ਨੂੰ ਹੀ ਭੇਜਣਾ ਯਕੀਨੀ ਬਣਾਏਗੀ।**

11.9.17

**ਕੰਟਰੋਲਰ ਪ੍ਰੀਖਿਆਵਾਂ (ITI)**
**ਵਾਸਤੇ ਸਕੱਤਰ**
**PSBTE & IT.**

ਉਪਰੋਕਤ ਦਾ ਉਤਾਰਾ ਹੇਠ ਦਰਸਾਇਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. PA/Secretary
2. System Admn.
3. Admn. Section

Sd-

**ਕੰਟਰੋਲਰ ਪ੍ਰੀਖਿਆਵਾਂ (ITI)**
**ਵਾਸਤੇ ਸਕੱਤਰ**
**PSBTE & IT.**